# ਤੀਜੀ ਵਿਸ਼ਵ ਪੰਜਾਬੀ ਕਾਨਫਰੰਸ

ਇਸ ਸਾਲ 15 ਤੋਂ ਲੈ ਕੇ 18 ਫ਼ਰਵਰੀ ਤੱਕ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੰਜਾਬੀ ਦੀ ਤੀਜੀ ਵਿਸ਼ਵ ਕਾਨਫਰੰਸ ਹੋਈ। ਇਸ ਤੋਂ ਪਹਿਲਾਂ ਪੰਜਾਬੀ ਦੀਆਂ ਦੋ ਵਿਸ਼ਵ ਕਾਨਫਰੰਸਾਂ ਕੈਨੇਡਾ ਦੇ ਸ਼ਹਿਰ ਪ੍ਰਿੰਸ ਜਾਰਜ ਵਿਖੇ ਸੰਨ 2000 ਅਤੇ ਸੰਨ 2003 ਵਿਚ ਕੀਤੀਆਂ ਗਈਆਂ ਸਨ ਪੰਜਾਬੀ ਕੌਮ ਮੁਤੱਲਕ ਕੀਤੀ ਗਈ ਜਲੰਧਰ ਦੀ ਇਸ ਅਹਿਮ ਕਾਨਫਰੰਸ ਨੂੰ ਕਾਮਯਾਬੀ ਨਾਲ ਕਰਨ ਦਾ ਕੰਮ ਸਾਊਥ ਏਸ਼ੀਆ ਰੀਵਿਊ ਅਤੇ ਕਈ ਹੋਰ ਜਥੇਬੰਦੀਆਂ ਨੇ ਰਲ ਕੇ ਕੀਤਾ।

ਸਵਾਗਤੀ ਕਮੇਟੀ ਨੇ ਪਾਕਿਸਤਾਨ ਵਿਚੋਂ ਲਹਿੰਦੇ ਪੰਜਾਬੋਂ ਆਉਣ ਵਾਲੇ 30 ਮੈਂਬਰਾਂ ਡੈਲੀਗੇਸ਼ਨ ਦੇ ਸਵਾਗਤ ਲਈ ਪੂਰੀਆਂ ਤਿਆਰੀਆਂ ਕਰ ਰੱਖੀਆਂ ਸਨ ਲੇਕਿਨ ਇਹ ਰਿਸੈਪਸ਼ਨ ਕੈਂਸਲ ਕਰਨ ਪਈ ਕਿਉਂਕਿ ਹਿੰਦੁਸਤਾਨ ਦੀ ਹਕੂਮਤ ਨੇ ਪਾਕਿਸਤਾਨੀ ਪੰਜਾਬ ਤੋਂ ਆਉਣ ਵਾਲੇ ਡੈਲੀਗੇਸ਼ਨ ਨੂੰ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ।

15 ਫ਼ਰਵਰੀ ਦੀ ਸਵੇਰ ਨੂੰ ਕਾਨਫਰੰਸ ਦਾ ਉਦਘਾਟਨੀ ਸੈਸ਼ਨ ਆਰੰਭ ਹੋਇਆ ਤੇ ਸਭ ਤੋਂ ਪਹਿਲਾਂ 1947 ਦੀ ਮੁਲਕ ਦੀ ਵੰਡ ਸਮੇਂ ਦੀ ਕਤਲੋਗਾਰਤ ਵਿਚ ਜਾਨਾਂ ਤੋਂ ਹੱਥ ਧੋ ਬੈਠਣ ਵਾਲਿਆਂ ਨੂੰ ਅਤੇ ਇਸ ਉਜਾੜੇ ਦੇ ਸ਼ਿਕਾਰ ਹੋਇਆਂ ਨੂੰ ਇਕ ਮਿੰਟ ਦੀ ਖ਼ਾਮੋਸ਼ੀ ਧਾਰ ਕੇ ਯਾਦ ਕੀਤਾ ਗਿਆ। ਇਹਦੇ ਮਗਰੋਂ ਪੰਜਾਬ ਦੇ ਇਕ ਨੌਜੁਆਨ ਕਵੀ, ਆਰਥਰ ਵਿਕਟਰ, ਦਾ ਲਿਖਿਆ ਹੋਇਆ ਗੀਤ "ਮੈਂ ਪੰਜਾਬ ਹਾਂ" ਪ੍ਰੋ. ਬਲਦੇਵ ਸਿੰਘ ਨਾਰੰਗ ਨੇ ਬਹੁਤ ਹੀ ਸੁਰੀਲੀ, ਮਧੁਰ ਤੇ ਦਿਲ-ਟੁੰਬਵੀਂ ਆਵਾਜ਼ ਵਿਚ ਗਾ ਕੇ ਸੁਣਾਇਆ ਤੇ 500 ਦੇ ਕਰੀਬ ਹਾਜ਼ਰ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ।

ਫੇਰ, ਅਮਰਦੀਪ ਸ਼ੇਰਗਿੱਲ ਕਾਲਜ ਮੁਕੰਦਪੁਰ ਦੇ ਵਿਦਿਆਰਥੀਆਂ ਨੇ ਦੋ ਗੀਤ ਪ੍ਰੋ. ਸ਼ਮਸ਼ਾਦ ਅਲੀ ਦੀ ਨਿਗਰਾਨੀ ਹੇਠ ਗਾਏ। ਪ੍ਰੋ. ਸ਼ਮਸ਼ਾਦ ਅਲੀ ਕਾਲਜ ਦੇ ਸੰਗੀਤ ਵਿਭਾਗ ਦੇ ਹੈੱਡ ਹਨ। ਗਾਏ ਗਏ ਗੀਤਾਂ ਵਿਚੋਂ ਇਕ ਗੀਤ ਪੰਜਾਬ ਦੇ ਮਸ਼ਹੂਰ ਕਵੀ ਧਨੀ ਰਾਮ ਚਾਤ੍ਰਿਕ ਦਾ ਲਿਖਿਆ ਹੋਇਆ ਸੀ।

ਉੱਘੇ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ, ਜੋ 101 ਸਾਲ ਦੇ ਹਨ, ਨੇ ਕਾਨਫਰੰਸ ਦੇ ਆਰੰਭ ਹੋਣ ਦਾ ਐਲਾਨ ਕਰਦਿਆਂ ਕਾਨਫਰੰਸ ਦੀ ਕਾਰਵਾਈ ਦੀ ਸਫਲਤਾ ਲਈ ਆਪਣੀਆਂ ਸ਼ੁਭ ਇੱਛਾਵਾਂ ਵੀ ਦਿੱਤੀਆਂ ਅਤੇ ਕੁਝ ਤੌਖਲੇ ਦਾ ਇਜ਼ਹਾਰ ਵੀ ਕੀਤਾ। ਸਾਊਥ ਏਸ਼ੀਅਨ ਰੀਵਿਊ ਦੇ ਸਹਾਇਕ ਸੰਪਾਦਕ ਭੁਪਿੰਦਰ ਸਿੰਘ ਮੱਲ੍ਹੀ ਨੇ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਆਏ ਲੋਕਾਂ ਦਾ ਸਵਾਗਤ ਕਰਦਿਆਂ ਹੋਇਆਂ ਬੜੇ ਨਿਘ ਨਾਲ ਸਾਰਿਆਂ ਨੂੰ ਜੀ ਆਇਆਂ ਕਿਹਾ।

ਭੁਪਿੰਦਰ ਮਗਰੋਂ ਸਾਊਥ ਏਸ਼ੀਅਨ ਰੀਵਿਊ ਦੇ ਸੰਪਾਦਕ ਸੁੱਚਾ ਦੀਪਕ ਨੇ ਇਕ ਸੰਖੇਪ ਰਿਪੋਰਟ ਪੇਸ਼ ਕੀਤੀ ਜਿਹਦੇ ਵਿਚ ਪੰਜਾਬੀ ਕਾਨਫਰੰਸਾਂ ਦੀ ਇਸ ਲੜੀ ਲਈ ਕੀਤੇ ਗਏ ਕੰਮ ਅਤੇ ਪਿਛੋਕੜ ਨਾਲ ਵਾਕਫ਼ੀਅਤ ਕਰਾਈ ਗਈ। ਸੁੱਚੇ ਨੇ ਕਿਹਾ ਕਿ ਇਸ ਸਾਰੇ ਕੰਮ ਦੀ ਸ਼ੁਰੂਆਤ 1970 ਵਿਚ ਹੋਈ ਜਦ ਕੈਨੇਡਾ ਵਿਚ ਈਸਟ ਇੰਡੀਆ ਡੀਫੈਂਸ ਕਮੇਟੀ ਅਤੇ ਪੀਪਲਜ਼ ਫਰੰਟ ਬਣਿਆ ਜਿਹਦੀ ਅਗਵਾਈ ਕਾਮਰੇਡ ਹਰਦਿਆਲ ਬੈਂਸ ਨੇ ਕੀਤੀ। ਪੀਪਲਜ਼ ਫਰੰਟ ਤੇ ਈਸਟ ਇੰਡੀਆ ਡੀਫੈਂਸ ਕਮੇਟੀ ਨੇ ਕਨੇਡੀਅਨ ਸਟੇਟ ਦੀ ਸ਼ਹਿ ਨਾਲ ਹੋਂਦ ਵਿਚ ਆਏ ਅਤੇ ਲੋਕਾਂ ਉੱਤੇ ਨਸਲਵਾਦੀ ਹਮਲੇ ਕਰਨ ਵਾਲੇ ਨਸਲਵਾਦੀਆਂ ਦੇ ਹਮਲਿਆਂ ਦਾ ਮੂੰਹ ਭੰਨਣ ਅਤੇ ਆਪਣੀ ਇੱਜ਼ਤ ਆਬਰੂ ਦੀ ਰਾਖੀ ਕਰਨ ਲਈ ਕਨੇਡਾ ਦੇ ਤਮਾਮ ਲੋਕਾਂ ਨੂੰ ਇਕਮੁਠ ਹੋਣ ਦਾ ਹੋਕਾ ਦਿੰਦੇ ਹੋਏ ਏਥੇ ਵਸਦੀਆਂ ਸਾਰੀਆਂ ਕਮਿਊਨਟੀਆਂ ਨੂੰ ਨਸਲਵਾਦ ਦੇ ਖ਼ਿਲਾਫ਼ ਇੱਕਮੁੱਠ ਕਰਨ ਦਾ ਉਪਰਾਲਾ ਕੀਤਾ।

1989 ਵਿਚ ਈਸਟ ਇੰਡੀਅਨ ਡੀਫੈਂਸ ਕਮੇਟੀ ਨੇ ਮਤੇ ਪਾਸ ਕੀਤੇ ਕਿ ਅਜਿਹੇ ਸਕੂਲ ਖੋਲ੍ਹੇ ਜਾਣ ਜਿਥੇ ਸ਼ੁਰੂ ਤੋਂ ਲੈ ਕੇ ਉੱਚ ਵਿਦਿਆ ਤੱਕ ਸਾਰੀ ਪੜ੍ਹਾਈ ਪੰਜਾਬੀ ਜ਼ਬਾਨ ਦੇ ਮਾਧਿਅਮ ਵਿਚ ਹੋਵੇ।

1990-94 ਦੇ ਸਮੇਂ ਦੌਰਾਨ ਸਾਥੀ ਹਰਦਿਆਲ ਬੈਂਸ ਦੀ ਅਗਵਾਈ ਵਿਚ "ਇੰਡੀਅਨ ਫ਼ਲਸਫ਼ੇ ਤੇ ਇਕ ਝਾਤ" ਦੇ ਮਜ਼ਮੂਨ ਹੇਠ ਐਸੋਸੀਏਸ਼ਨ ਆਫ਼ ਇੰਡੀਅਨ ਪ੍ਰੋਗਰੈਸਿਵ ਸਟੱਡੀ ਗਰੁਪਜ਼ ਨੇ ਕੈਨੇਡਾ, ਬਰਤਾਨੀਆ, ਯੂ ਐਸ ਏ ਅਤੇ ਟਰਿਨੀਦਾਦ ਵਿਚ ਫ਼ਲਸਫ਼ੇ ਦੀਆਂ ਕਾਨਫਰੰਸਾਂ ਕਰਵਾਈਆਂ। ਇਸਦਾ ਮਕਸਦ ਇਹ ਸੀ ਕਿ ਹਿੰਦੁਸਤਾਨ ਤੇ ਸਾਊਥ ਏਸ਼ੀਆ ਦੇ ਲੋਕ aਪਣੀ ਸੋਚ ਸਮੱਗਰੀ ਨੂੰ ਇਕ ਆਲੋਚਨਾਤਮਿਕ ਤਰੀਕੇ ਨਾਲ ਘੋਖਣ ਪਰਖਣ ਅਤੇ ਵਿਕਸਤ ਕਰਨ ਵੱਲ ਤੁਰਨ ਤੇ ਯੂਰੋ-ਕੇਂਦਰਵਾਦ ਤੇ ਬ੍ਰਾਹਮਣਵਾਦ ਦੇ ਜਾਲ ਵਿਚੋਂ ਨਿਕਲ ਕੇ ਹਿੰਦੁਸਤਾਨ ਦੀ ਤਰੱਕੀ ਲਈ ਲੋੜੀਂਦੇ ਆਖ਼ਰੀ ਸੁਧਾਰ ਸਰਅੰਜਾਮ ਦੇਣ ਦੇ ਰਾਹ ਪੈਣ। ਇਸ ਕੰਮ ਦਾ ਦਾਰੋਮਦਾਰ ਵਰਤਮਾਨ ਤੋਂ ਆਰੰਭ ਕਰਦੇ ਹੋਏ, ਕਾਮਰੇਡ ਬੈਂਸ ਨੇ ਲੋਕਾਂ ਨੂੰ ਬੀਤੇ ਨਾਲੋਂ ਨਾਤਾ ਤੋੜਨ ਲਈ ਹੱਲਾਸ਼ੇਰੀ ਦੇ ਕੇ ਲੋਕਾਂ ਨੂੰ ਆਪਣਾ ਭਵਿਖ ਉਜਲਾ ਤੇ ਸੁਰੱਖਿਅਤ ਬਣਾਉਣ ਦੇ ਰਾਹ ਤੁਰਨ ਲਈ ਅਗਵਾਈ ਦਿੱਤੀ।

ਮਾਰਚ 1995 ਵਿਚ, ਟਰਾਂਟੋ ਵਿਚ ਘੱਟ-ਗਿਣਤੀਆਂ ਦੇ ਹੱਕਾਂ ਬਾਰੇ ਹੋਏ ਇਕ ਸੈਮੀਨਾਰ ਵਿਚ ਹਰਦਿਆਲ ਬੈਂਸ ਤੇ ਸਾਂਡਰਾ ਸਮਿਥ ਨੇ ਹੱਕਾਂ ਦੀ ਅਜੋਕੀ ਪਰਿਭਾਸ਼ਾ ਦਾ ਪੂਰਨ ਵਿਸਥਾਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਘੱਟ-ਗਿਣਤੀ ਲੋਕਾਂ ਨੂੰ ਸਮਾਜ ਦੇ ਬਾਕੀ ਹਿਸਿਆਂ ਦੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਆਪਣੇ ਹੱਕਾਂ ਲਈ ਲੜਨ ਦੀ ਲੋੜ ਹੈ ਤਾਂ ਕਿ ਇਕ ਅਜਿਹਾ ਸਮਾਜ ਸਿਰਜਿਆ ਜਾ ਸਕੇ ਜੋ ਸਾਰਿਆਂ ਦੇ ਹੱਕਾਂ ਦੀ ਗਰੰਟੀ ਦੇਵੇ। "ਸਾਰਿਆਂ ਦੇ ਹੱਕਾਂ ਦੀ ਰਾਖੀ ਲਈ ਦ੍ਰਿੜਤਾ ਨਾਲ ਕਦਮ ਚੁੱਕੋ" ਦਾ ਨਾਅਰਾ ਵੀ ਇਸ ਕਾਨਫਰੰਸ ਵਿਚ ਹੀ ਬੁਲੰਦ ਕੀਤਾ ਗਿਆ ਤੇ ਬਾਅਦ ਦੇ ਸਾਰੇ ਕੰਮ ਦੀ ਰਾਹ ਰੁਸ਼ਨਾਈ ਇਸੇ ਨਾਅਰੇ ਨੇ ਕੀਤੀ

ਕਿਉਂਕਿ ਘੱਟ-ਗਿਣਤੀ ਲੋਕਾਂ ਦੇ ਹੱਕਾਂ ਦੀ ਰਾਖੀ ਦਾ ਕੰਮ ਸਾਰੇ ਸਮਾਜ ਦੇ ਕਰਨ ਦਾ ਕੰਮ ਹੈ। ਉਨ੍ਹਾਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਹੱਕਾਂ ਦੀ ਪੈਦਾਇਸ਼ ਇਸ ਹਕੀਕਤ ਵਿਚੋਂ ਹੁੰਦੀ ਹੈ ਕਿ ਇਨਸਾਨ ਦੀ ਹੋਂਦ ਹੈ। ਘੱਟ ਗਿਣਤੀਆਂ ਉਤੇ ਹੋਏ ਇਸ ਸੈਮੀਨਾਰ ਦਾ ਇਕ ਸੈਸ਼ਨ ਇਸ ਮਜ਼ਮੂਨ ਨੂੰ ਵੀ ਅਰਪਣ ਸੀ ਕਿ "ਸਾਊਥ ਏਸ਼ੀਆ ਕਿਧਰ ਨੂੰ"। ਇਸ ਸੈਸ਼ਨ ਵਿਚ ਕਈ ਜੱਜਾਂ, ਸਿਆਸੀ ਹਸਤੀਆਂ, ਸਿਆਸੀ ਕਾਰਕੁਨਾਂ ਅਤੇ ਪੱਤਰਕਾਰਾਂ ਨੇ ਸ਼ਿਰਕਤ ਕੀਤੀ ਤੇ ਸਾਊਥ ਏਸ਼ੀਆ ਨੂੰ ਦਰਪੇਸ਼ ਮਸਲਿਆਂ ਤੇ ਹੋਈ ਬਹਿਸ ਵਿਚ ਹਿਸਾ ਲਿਆ। ਜ਼ਬਾਨ ਤੇ ਕਲਚਰ ਦੇ ਮਸਲਿਆਂ ਦੇ ਇਲਾਵਾ ਇਸ ਸੈਮੀਨਾਰ ਵਿਚ ਸੰਵਿਧਾਨ ਤੇ ਸੁਰੱਖਿਆ ਨਾਲ ਤਅੱਲਕ ਰੱਖਣ ਵਾਲੇ ਮਸਲਿਆਂ ਦਾ ਜਾਇਜ਼ਾ ਕਿਸ ਤਰ੍ਹਾਂ ਲੈਣਾ ਚਾਹੀਦਾ ਹੈ ਅਤੇ ਸ਼ਹਿਰੀਅਤ ਤੇ ਕੌਮ ਵਿਚ ਕੀ ਅੰਤਰ ਹੈ ਆਦਿ, ਮਸਲਿਆਂ ਤੇ ਵੀ ਵਿਚਾਰ ਵਟਾਂਦਰਾ ਹੋਇਆ।

1995-96 ਵਿਚ ਲੰਡਨ ਅਤੇ ਸਿਡਨੀ ਵਿਚ ਪੰਜਾਬ ਤੇ ਪੰਜਾਬੀ ਬਾਰੇ ਕਾਨਫਰੰਸਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਪੰਜਾਬੀ ਜ਼ਬਾਨ, ਫ਼ਲਸਫ਼ੇ ਅਤੇ ਸਾਹਿਤ ਬਾਰੇ ਪਰਚੇ ਪੜ੍ਹੇ ਗਏ। ਸਿਡਨੀ ਕਾਨਫਰੰਸ ਵਿਚ ਮੁੱਖ ਤਕਰੀਰ ਕਰਦਿਆਂ ਕਾਮਰੇਡ ਬੈਂਸ ਨੇ ਕਿਹਾ ਕਿ ਪੰਜਾਬੀ ਕੌਮ ਦੁਨੀਆ ਦੀਆਂ ਬਹੁਤ ਹੀ ਪੁਰਾਣੀਆਂ ਤੇ ਵੱਡੀਆਂ ਕੌਮਾਂ ਵਿਚੋਂ ਇਕ ਹੈ ਜਿਹਦੀ ਤਾਦਾਦ ਤਕਰੀਬਨ 130 ਮਿਲੀਅਨ ਲੋਕ ਹਨ, ਲੇਕਿਨ ਫੇਰ ਵੀ ਪੰਜਾਬੀ ਕੌਮ, ਪੰਜਾਬੀ ਜ਼ਬਾਨ, ਪੰਜਾਬੀ ਸਾਹਿਤ ਅਤੇ ਪੰਜਾਬੀ ਫ਼ਲਸਫ਼ੇ ਨੂੰ ਸਾਊਥ ਏਸ਼ੀਆ ਅਤੇ ਬਾਹਰਲੇ ਮੁਲਕਾਂ ਵਿਚ ਕੋਈ ਨਹੀਂ ਪੁੱਛਦਾ। ਕਾਮਰੇਡ ਬੈਂਸ ਨੇ ਕਿਹਾ ਕਿ ਪੰਜਾਬੀਆਂ ਨੂੰ ਇਨ੍ਹਾਂ ਗੱਲਾਂ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਦਾ ਤਹੱਈਆ ਕਰਨਾ ਚਾਹੀਦਾ ਹੈ ਅਤੇ ਆਪਣੇ ਫ਼ਲਸਫ਼ੇ ਤੇ ਆਪਣੀ ਸੋਚ ਸਮੱਗਰੀ ਤੋਂ ਸੇਧ ਲੈ ਕੇ ਆਪਣੀ ਕੌਮ ਉਸਾਰੀ ਦਾ ਕੰਮ ਸਾਊਥ ਏਸ਼ੀਆ ਤੇ ਦੁਨੀਆ ਦੇ ਹੋਰ ਲੋਕਾਂ ਦੇ ਨਾਲ ਰਲ ਕੇ ਨੇਪਰੇ ਚਾੜ੍ਹਨਾ ਚਾਹੀਦਾ ਹੈ। ਪੰਜਾਬੀ ਕੌਮ ਦੀ ਤਾਮੀਰ ਦਾ ਕੰਮ ਕੁਲ ਆਲਮ ਦੇ ਲੋਕਾਂ ਦੇ ਉਸ ਕੰਮ ਦਾ ਹਿਸਾ ਜੋ ਉਹ ਆਪਣੇ ਆਪ ਦੀ ਬਹਾਲੀ ਲਈ ਕਰ ਰਹੇ ਹਨ। ਸਾਥੀ ਬੈਂਸ ਨੇ ਦੱਸਿਆ ਕਿ ਪੰਜਾਬੀਆਂ ਨੂੰ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਖੜ੍ਹੇ ਹੋਣਾ ਚਾਹੀਦਾ ਹੈ ਤੇ ਹਿੰਦੁਸਤਾਨ ਵਿਚ ਵਸਦੀਆਂ ਹੋਰ ਸਾਰੀਆਂ ਕੌਮਾਂ ਨੂੰ ਵੀ ਇਹੋ ਕਰਨਾ ਚਾਹੀਦਾ ਹੈ।

ਇਸ ਮਗਰੋਂ ਸੁੱਚਾ ਸਿੰਘ ਦੀਪਕ ਨੇ ਪਹਿਲੀ ਤੇ ਦੂਜੀ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਜ਼ਿਕਰ ਕੀਤਾ ਜੋ ਪ੍ਰਿੰਸ ਜਾਰਜ ਕਨੇਡਾ ਵਿਚ ਸੰਨ 2000 ਅਤੇ 2003 ਵਿਚ ਕੀਤੀਆਂ ਗਈਆਂ ਸਨ। ਉਹਨੇ ਇਨ੍ਹਾਂ ਕਾਨਫਰੰਸਾਂ ਵਿਚ ਪੰਜਾਬੀ ਕੌਮ, ਜ਼ਬਾਨ, ਸਾਹਿਤ ਅਤੇ ਦਰਸ਼ਨ ਤੇ ਹੋਈ ਭਰਪੂਰ ਬਹਿਸਾਂ ਦਾ ਜ਼ਿਕਰ ਕੀਤਾ।

ਸੁੱਚਾ ਦੀਪਕ ਦੀ ਰਿਪੋਰਟ ਮਗਰੋਂ ਪੰਜਾਬ ਦੇ ਵੱਡੇ ਬਜ਼ੁਰਗ ਦਾਨਿਸ਼ਵਰ ਪ੍ਰੋ. ਪ੍ਰੀਤਮ ਸਿੰਘ ਨੇ ਮੁੱਖ ਤਕਰੀਰ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬੀ ਕੌਮ ਤੇ ਪੰਜਾਬੀ ਦਰਸ਼ਨ ਦੇ ਵਿਸ਼ੇ ਤੇ ਇਸ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਪ੍ਰਬੰਧਕਾਂ ਦਾ ਵਧੀਆ ਪ੍ਰਬੰਧ ਕਰਨ ਲਈ। ਉਨ੍ਹਾਂ ਨੇ ਸਾਰਿਆਂ ਦਾ ਧਿਆਨ ਪੰਜਾਬੀ ਕੌਮ ਦੇ ਇਤਿਹਾਸ ਵੱਲ ਲਿਆਂਦਾ ਤੇ ਦੱਸਿਆ ਕਿ ਇਹਦੀਆਂ ਜੜ੍ਹਾਂ ਬੜੀਆਂ ਪੁਰਾਣੀਆਂ ਹਨ ਤੇ ਭਲੀ ਭਾਂਤ ਪਛਾਣੀਆਂ ਜਾ ਸਕਦੀਆਂ ਹਨ। ਉਨ੍ਹਾਂ ਨੇ ਪੰਜਾਬ ਵਿਚ ਆਈਆਂ ਸਾਰੀਆਂ ਹੀ ਸਰਕਾਰਾਂ ਦੀ ਪੰਜਾਬੀ ਜ਼ਬਾਨ ਪ੍ਰਤੀ ਅਣਗਹਿਲੀ ਉੱਤੇ ਮਾਯੂਸੀ ਦਾ ਇਜ਼ਹਾਰ ਕੀਤਾ ਅਤੇ ਲੋਕਾਂ ਨੂੰ ਕਿਹਾ ਕਿ ਉਹ ਆਪਣੀ ਆਵਾਜ਼ ਇਕ ਜਾਗਰੂਕ ਤਰੀਕੇ ਨਾਲ ਬੁਲੰਦ ਕਰਦੇ ਹੋਏ ਸਰਕਾਰ ਨੂੰ ਮਜਬੂਰ ਕਰਨ ਕਿ ਪੰਜਾਬ ਅੰਦਰ ਸਕੂਲਾਂ ਕਾਲਜਾਂ ਦੀ ਸਾਰੀ ਪੜਾਈ ਪੰਜਾਬੀ ਜ਼ਬਾਨ ਵਿਚ ਕਰਵਾਈ ਜਾਵੇ। ਪ੍ਰੋ. ਪ੍ਰੀਤਮ ਸਿੰਘ ਦੀ ਤਕਰੀਰ ਦੌਰਾਨ ਸਰੋਤੇ ਮੁੜ ਮੁੜ ਕੇ ਤਾੜੀਆਂ ਮਾਰਦੇ ਰਹੇ। ਕਾਨਫਰੰਸ ਦੇ ਸ਼ੁਰੂਆਤੀ ਸੈਸ਼ਨ ਦੀ ਸਦਾਰਤ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਤੇ ਪੰਜਾਬੀ ਦੇ ਮਾਹਿਰ ਡਾਕਟਰ ਜੁਗਿੰਦਰ ਸਿੰਘ ਪੁਆਰ ਨੇ ਕੀਤੀ ਤੇ ਇਸ ਕਾਰਵਾਈ ਨੂੰ ਡਾਕਟਰ ਨਿਰਦੋਸ਼ ਕੌਰ ਤੇ ਡਾਕਟਰ ਸੁਖਪਾਲ ਸਿੰਘ ਥਿੰਦ ਨੇ ਚਲਾਇਆ। ਡਾਕਟਰ ਪੁਆਰ ਨੇ ਦੱਸਿਆ ਕਿ ਵਿਦਿਆ ਦੇ ਖੇਤਰ ਵਿਚ ਪੰਜਾਬ ਦੇ ਇਤਿਹਾਸ ਅਤੇ ਜ਼ਬਾਨ ਦੀ ਕੀ ਮਹੱਤਤਾ ਹੈ।

ਦੁਪਿਹਰ ਦੇ ਖਾਣੇ ਦੇ ਬਾਅਦ ਦੇ ਸੈਸ਼ਨ ਵਿਚ ਸੁੱਚਾ ਦੀਪਕ, ਡਾ ਰੌਣਕੀ ਰਾਮ, ਡਾ ਹਰਕਰਿਸ਼ਨ ਸਿੰਘ ਮਹਿਤਾ ਅਤੇ ਡਾ ਮਨਜ਼ੂਰ ਇਜਾਜ਼ ਨੇ ਪੰਜਾਬੀ ਕੌਮ ਬਾਰੇ ਆਪਣੇ ਪਰਚੇ ਪੇਸ਼ ਕੀਤੇ ਅਤੇ ਕੌਮ ਦੇ ਹਕੀਕੀ ਤੇ ਮਨ-ਘੜਤ ਤਸੱਵਰਾਂ ਬਾਰੇ ਡੱਟ ਕੇ ਬਹਿਸ ਹੋਈ। ਸਰੋਤਿਆਂ ਵਿਚੋਂ ਕਈਆਂ ਦਾ ਖ਼ਿਆਲ ਸੀ ਕਿ ਕੌਮ ਤੇ ਧਰਮ ਇਕੋ ਚੀਜ਼ ਹਨ ਤੇ ਕਈ ਹੋਰ ਇਸ ਖ਼ਿਆਲ ਦੇ ਸਨ ਕਿ ਵਿਸ਼ਵੀਕਰਣ ਦੇ ਇਸ ਯੁਗ ਵਿਚ ਕੌਮਾਂ ਦੀ ਗੱਲ ਕਰਨ ਦੀ ਕੋਈ ਲੋੜ ਹੀ ਨਹੀਂ। ਪੈਨਲ ਦੇ ਚਾਰੇ ਮੈਂਬਰ ਨੇ ਬੜੀ ਧੀਰਜ ਤੇ ਤਹੱਮਲ ਨਾਲ ਇਹ ਗੱਲ ਸਾਫ਼ ਕੀਤੀ ਕਿ ਪੰਜਾਬ ਦੇ ਵਿਕਾਸ ਦਾ ਇਤਿਹਾਸ ਕੀ ਹੈ ਤੇ ਅਜੋਕੀ ਕੌਮ ਦੀ ਉਸਾਰੀ ਦੀ ਕੀ ਅਹਿਮੀਅਤ ਹੈ ਜੋ ਸਾਰਿਆਂ ਦੇ ਹੱਕਾਂ ਦੀ ਗਰੰਟੀ ਦੇਵੇ।

**16 ਫ਼ਰਵਰੀ:-**

ਪੰਜਾਬੀ ਜ਼ਬਾਨ, ਸਭਿਆਚਾਰ, ਵਾਤਾਵਰਣ ਅਤੇ ਹੋਂਦ ਦੇ ਹੱਕ ਦੇ ਮੁੱਦਿਆਂ ਉੱਤੇ ਵਿਚਾਰ ਵਟਾਂਦਰੇ ਦੀ ਕਾਰਵਾਈ ਚਲਾਉਣ ਲਈ ਬਕਾਇਦਾ ਪੈਨਲ ਬਣਾਏ ਗਏ। ਇਨ੍ਹਾਂ ਮਜ਼ਮੂਨਾਂ ਉੱਤੇ ਡਾ ਕਰਨੈਲ ਸਿੰਘ ਥਿੰਦ, ਕੁਲਬੀਰ ਕੌਰ, ਡਾ ਬਲਦੇਵ ਸਿੰਘ ਧਾਲੀਵਾਲ, ਡਾ ਸਤੀਸ਼ ਵਰਮਾ ਅਤੇ ਡਾ ਸੁਖਪਾਲ ਸਿੰਘ ਹੁਰਾਂ ਪਰਚੇ ਪੇਸ਼ ਕੀਤੇ ਜਿਨ੍ਹਾਂ ਉੱਤੇ ਸਰੋਤਿਆਂ ਵਲੋਂ ਕਈ ਸਵਾਲ ਵੀ ਹੋਏ ਤੇ ਡੱਟ ਕੇ ਬਹਿਸ ਵੀ ਹੋਈ। ਇਸ ਸੈਸ਼ਨ ਦੀ ਸਦਾਰਤ ਡਾ ਕਰਨੈਲ ਸਿੰਘ ਥਿੰਦ ਹੋਰਾਂ ਕੀਤੀ।

ਤੀਜੇ ਸੈਸ਼ਨ ਦੀ ਪ੍ਰਧਾਨਗੀ ਡਾ ਰੌਣਕੀ ਰਾਮ ਨੇ ਕੀਤੀ ਜਿਹਦੇ ਵਿਚ ਪੰਜਾਬੀ ਕੌਮ ਅੰਦਰਲੀ ਜਾਤਪਾਤ ਅਤੇ ਜਮਾਤੀ ਮਸਲਿਆਂ ਤੇ ਬਹਿਸ ਹੋਈ। ਇਸ ਮੁੱਦੇ ਤੇ ਪਰਚੇ ਪੇਸ਼ ਕੀਤੇ ਗਏ ਡਾ ਨਿਰਮਲ ਸਿੰਘ, ਡਾ ਗੁਰਦੇਵ ਸਿੰਘ ਚੰਦੀ ਅਤੇ ਪ੍ਰੋਫ਼ੈਸਰ ਨਿਰਦੋਸ਼ ਕੌਰ ਵਲੋਂ।

ਸ਼ਾਮ ਨੂੰ ਤਿੰਨ ਨਾਟਕ ਪੇਸ਼ ਕੀਤੇ ਗਏ ਜਿਨ੍ਹਾਂ ਦਾ ਇੰਤਜ਼ਾਮ ਡਾ ਅਜਮੇਰ ਸਿੰਘ ਔਲਖ ਅਤੇ ਸੰਜੀਵਨ ਸਿੰਘ ਦੇ ਕਾਬਿਲ ਹੱਥਾਂ ਵਿਚ ਰਿਹਾ। ਪਹਿਲੇ ਦੋ ਨਾਟਕ ਪੰਜਾਬੀ ਨੌਜਵਾਨਾਂ ਅੰਦਰ ਨਸ਼ਿਆਂ ਦੇ ਵਧਦੇ ਜਾ ਰਹੇ ਸੇਵਨ ਦੇ ਮਸਲੇ ਬਾਰੇ ਸਨ ਤੇ ਤੀਜਾ ਨਾਟਕ ਹਿੰਦ/ਪਾਕਿ ਲੜਾਈ ਅਤੇ ਸਰਹੱਦਾਂ ਤੇ ਹੁੰਦੀਆਂ ਝੜਪਾਂ ਦੇ ਪਾਗਲਪਨ ਬਾਰੇ ਸੀ।

17 ਫ਼ਰਵਰੀ ਦਾ ਸਵੇਰ ਦਾ ਸੈਸ਼ਨ ਪੰਜਾਬੀ ਫ਼ਲਸਫ਼ੇ ਦੇ ਇਤਿਹਾਸ ਤੇ ਵਿਕਾਸ ਬਾਰੇ ਸੀ ਜਿਹਦੇ ਵਿਚ ਡਾ ਜਸਪਾਲ ਸਿੰਘ, ਡਾ ਹਰਭਜਨ ਸਿੰਘ ਭਾਟੀਆ ਅਤੇ ਗੁਰਬਚਨ ਸਿੰਘ ਨੇ ਪਰਚੇ ਪੇਸ਼ ਕੀਤੇ। ਇਸ ਸੈਸ਼ਨ ਦੀ ਸਦਾਰਤ ਦਿਲੀ ਯੂਨੀਵਰਸਿਟੀ ਦੇ ਭਾਸ਼ਾ ਵਿਭਾਗ ਦੇ ਮੁਖੀ ਡਾ ਪ੍ਰੇਮ ਸਿੰਘ ਨੇ ਕੀਤੀ।

ਡਾ ਜਸਪਾਲ ਸਿੰਘ ਨੇ ਆਪਣੇ ਪਰਚੇ ਵਿਚ ਪੰਜਾਬੀ ਦਰਸ਼ਨ ਦੀ ਨਿਸ਼ਾਨਦੇਹੀ ਰਿਗ ਵੇਦ ਦੇ ਜ਼ਮਾਨੇ ਤੋਂ ਕਰਦੇ ਹੋਏ ਇਹਦੇ ਹੁਣ ਤੱਕ ਦੇ ਇਤਿਹਾਸ ਤੇ ਵਿਕਾਸ ਦਾ ਵੇਰਵਾ ਪੇਸ਼ ਕੀਤਾ। ਡਾ ਹਰਭਜਨ ਭਾਟੀਆ ਨੇ ਕਿਹਾ ਕਿ ਯੂਰਪ ਵਿਚ ਘੜੇ ਗਏ ਫਲਸਫ਼ੇ ਦੀ ਜ਼ਿਹਨੀ ਗੁਲਾਮੀ ਤੋਂ ਆਜ਼ਾਦ ਹੋ ਕੇ ਪੰਜਾਬੀ ਦਰਸ਼ਨ ਦਾ ਵਿਕਾਸ ਕਰਨ ਲਈ ਪੰਜਾਬੀ ਰਵਾਇਤ ਨੂੰ ਘੋਖਣ ਤੇ ਵਿਕਸਤ ਕਰਨ ਦੀ ਬਹੁਤ ਲੋੜ ਹੈ। ਗੁਰਬਚਨ ਸਿੰਘ ਨੇ ਜ਼ੋਰ ਦਿਤਾ ਕਿ ਪੰਜਾਬੀ ਦਰਸ਼ਨ ਦਾ ਵਿਕਾਸ ਕਰਨ ਲਈ ਸਾਮਰਾਜਵਾਦ ਅਤੇ ਬ੍ਰਾਹਮਣਵਾਦ ਦੇ ਗੱਠਜੋੜ ਨੂੰ ਵੀ ਸਮਝਣ ਦੀ ਲੋੜ ਹੈ। ਸਾਰੇ ਸਰੋਤਿਆਂ ਨੇ ਇਨ੍ਹਾਂ ਵਿਦਵਾਨਾਂ ਦੇ ਵਿਚਾਰਾਂ ਨੂੰ ਮੁਕੰਮਲ ਖ਼ਾਮੋਸ਼ੀ ਨਾਲ ਸੁਣਿਆਂ ਤੇ ਬਾਅਦ ਵਿਚ ਹੋਈ ਭਖਵੀਂ ਬਹਿਸ ਵਿਚ ਸ਼ਿਰਕਤ ਕੀਤੀ। ਬਹਿਸ ਵਿਚ ਹਿਸਾ ਲੈਣ ਵਾਲੇ ਕਈ ਸਰੋਤਿਆਂ ਦਾ ਖਿਆਲ ਸੀ ਕਿ ਪੰਜਾਬੀ ਦਰਸ਼ਨ ਤੇ ਰਿਗ ਵੇਦ ਵਿਚ ਸਬੰਧ ਦੱਸਣਾ ਗਲਤ ਗੱਲ ਹੈ ਕਿਉਂਕਿ ਰਿਗ ਵੇਦ ਦਾ ਸਬੰਧ ਬ੍ਰਾਹਮਣਵਾਦ ਨਾਲ ਹੈ। ਲੇਕਿਨ, ਬਹਿਸ ਦੇ ਦੌਰਾਨ ਇਹ ਗੱਲ ਨਿੱਤਰ ਕੇ ਸਾਹਮਣੇ ਆਈ ਕਿ ਰਿਗ ਵੇਦ ਵੀ ਪੰਜਾਬੀ ਰਵਾਇਤ ਦਾ ਹੀ ਇਕ ਹਿਸਾ ਹੈ ਤੇ ਇਹਦੀ ਰਚਨਾ ਪੰਜਾਬ ਅੰਦਰ ਹੀ ਹੋਈ ਸੀ, ਇਸ ਲਈ ਪੰਜਾਬੀ ਦਰਸ਼ਨ ਦੇ ਇਤਿਹਾਸ ਅਤੇ ਵਿਕਾਸ ਦਾ ਅਧਿਐਨ ਕਰਦਿਆਂ ਇਹਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਡਾ ਪ੍ਰੇਮ ਸਿੰਘ ਨੇ ਵੀ ਆਪਣੇ ਸਦਾਰਤੀ ਭਾਸ਼ਣ ਦੌਰਾਨ ਰਿਗ ਵੇਦ, ਪਾਣਿਨੀ ਅਤੇ ਪਤੰਜਲੀ ਦੇ ਕੰਮ ਨੂੰ ਸਮਝਣ ਉੱਤੇ ਜ਼ੋਰ ਦਿੱਤਾ ਅਤੇ ਦੱਸਿਆ ਕਿ ਇਹ ਪੰਜਾਬੀ ਰਵਾਇਤ, ਇਤਿਹਾਸ ਅਤੇ ਦਰਸ਼ਨ ਦਾ ਇਕ ਹਿਸਾ ਹਨ।

ਦੁਪਹਿਰੋਂ ਬਾਅਦ ਦੇ ਸੈਸ਼ਨ ਦੀ ਸਦਾਰਤ ਡਾ ਮਨਜ਼ੂਰ ਇਜਾਜ਼ ਹੁਰਾਂ ਨੇ ਕੀਤੀ ਜਿਹਦੇ ਵਿਚ ਪੰਜਾਬੀ ਕੌਮ ਦੇ ਮਜ਼ਮੂਨ ਨੂੰ ਇਕ ਵਾਰ ਫੇਰ ਛੇੜਿਆ ਗਿਆ ਤੇ ਡਾ ਗੁਰਨਾਮ ਸਿੰਘ, ਡਾ ਜਤਿੰਦਰਪਾਲ ਸਿੰਘ ਜੌਲੀ ਤੇ ਜਨਮੇਜਾ ਸਿੰਘ ਜੌਹਲ ਨੇ ਪਰਚੇ ਪੜ੍ਹੇ।

ਸ਼ਾਮ ਨੂੰ ਇਕ ਕਵੀ ਦਰਬਾਰ ਕੀਤਾ ਗਿਆ ਜਿਹਦੇ ਵਿਚ ਬਹੁਤ ਸਾਰੇ ਕਵੀਆਂ ਨੇ ਆਪੋ ਆਪਣੇ ਕਲਾਮ ਸੁਣਾਏ। ਇਸ ਸਮਾਗਮ ਦੀ ਸਦਾਰਤ ਇਸ ਦੌਰ ਦੇ ਸਿਰਮੌਰ ਜਾਣੇ ਜਾਂਦੇ ਕਵੀ ਡਾ ਸੁਰਜੀਤ ਪਾਤਰ ਨੇ ਕੀਤੀ। ਉਹਨੇ ਪ੍ਰਬੰਧਕਾਂ ਦਾ ਇਸ ਗੱਲ ਲਈ ਬਹੁਤ ਧੰਨਵਾਦ ਕੀਤਾ ਕਿ ਉਨ੍ਹਾਂ ਇਕ ਅਜਿਹਾ ਮੰਚ ਮੁਹੱਈਆ ਕੀਤਾ ਜਿਥੇ ਬਹੁਤ ਹੀ ਅਹਿਮ ਮੁੱਦਿਆਂ ਤੇ ਵਿਚਾਰ ਵਟਾਂਦਰਾ ਕਰਨਾ ਸੰਭਵ ਬਣ ਸਕਿਆ ਹੈ।

18 ਫ਼ਰਵਰੀ ਦੀ ਸਵੇਰ ਦੇ ਅਖੀਰਲੇ ਸੈਸ਼ਨ ਦੇ ਸਦਰ ਡਾ ਸਰਦਾਰਾ ਸਿੰਘ ਜੌਹਲ ਸਨ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਪਲੈਨਿੰਗ ਕਮਿਸ਼ਨ ਦੇ ਮੈਂਬਰ ਹਨ। ਇਸ ਖੁਲ੍ਹੇ ਸੈਸ਼ਨ ਵਿਚ ਬਹੁਤ ਸਾਰੇ ਹਾਜ਼ਰੀਨਾਂ ਨੇ ਕਾਨਫਰੰਸ ਵਿਚ ਉਠਾਏ ਗਏ ਮੁੱਦਿਆਂ ਬਾਰੇ ਦਿੱਤੇ ਗਏ ਵਿਚਾਰਾਂ ਉਤੇ ਇਕ ਵਾਰ ਫੇਰ ਬਹਿਸ ਛੇੜੀ ਅਤੇ ਆਪੋ ਆਪਣੇ ਖਿਆਲ ਪੇਸ਼ ਕੀਤੇ। ਸਾਰਿਆਂ ਦੀ ਸਹਿਮਤੀ ਇਸ ਗੱਲ ਤੇ ਜ਼ਰੂਰ ਬਣ ਗਈ ਕਿ ਇਸ ਤਰ੍ਹਾਂ ਦੀਆਂ ਕਾਨਫਰੰਸ ਇਕ ਵਧੀਆ ਉਪਰਾਲਾ ਹਨ ਅਤੇ ਜਥੇਬੰਦ ਕੀਤੀਆਂ ਜਾਂਦੀਆਂ ਰਹਿਣੀਆਂ ਚਾਹੀਦੀਆਂ ਹਨ। ਸੂਫ਼ੀ ਰਾਮਾਹ ਨੇ ਸੁਝਾਅ ਦਿੱਤਾ ਕਿ ਪੰਜਾਬੀ ਕੌਮ ਬਾਰੇ ਅਗਲੀ ਕਾਨਫਰੰਸ ਲਹੌਰ ਵਿਚ ਕੀਤੀ ਜਾਵੇ। ਡਾ ਸਰਦਾਰਾ ਸਿੰਘ ਜੌਹਲ ਨੇ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਇਕ ਸਫ਼ਲ ਕਾਨਫਰੰਸ ਅਯੋਜਿਤ ਕਰਨ ਲਈ ਇਕ ਵਾਰ ਫਿਰ ਵਧਾਈ ਦਿੱਤੀ ਅਤੇ ਭਵਿਖ ਵਿਚ ਵੀ ਆਪਣੇ ਭਰਪੂਰ ਸਹਿਯੋਗ ਦਾ ਵਚਨ ਦਿੱਤਾ।

ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਧਾਨ ਡਾ ਕਰਨੈਲ ਸਿੰਘ ਥਿੰਦ ਨੇ ਹਾਜਰੀਨ ਦੇ ਜਜ਼ਬਾਤ ਦੀ ਤਰਜਮਾਨੀ ਕਰਦੇ ਹੋਏ ਕਿਹਾ ਕਿ ਇਹ ਕਾਨਫਰੰਸ ਇਕ ਬਹੁਤ ਹੀ ਨਿਵੇਕਲੀ ਕਾਨਫਰੰਸ ਸੀ ਤੇ ਇਹਦੀ ਕਾਰਵਾਈ ਨੇ ਇਕ ਗੱਲ ਦੀ ਮੁਕੰਮਲ ਪੁਸ਼ਟੀ ਕਰ ਦਿੱਤੀ ਹੈ ਕਿ ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਦੇ ਅਹਿਮ ਸਵਾਲਾਂ ਨੂੰ ਜਾਗਰੂਕਤਾ ਨਾਲ ਸਮਝਣ ਤੇ ਨਜਿੱਠਣ ਦੀ ਲੋੜ ਹੈ। ਡਾ ਥਿੰਦ ਨੇ ਤਿੰਨ ਮਤੇ ਪੇਸ਼ ਕੀਤੇ ਜੋ ਸਰਬ-ਸੰਮਤੀ ਨਾਲ ਪਾਸ ਹੋ ਗਏ। ਚੌਥਾ ਮਤਾ ਜੰਮੂ ਕਸ਼ਮੀਰ ਤੋਂ ਆਏ ਹੋਏ ਡੈਲੀਗੇਸ਼ਨ ਨੇ ਪੇਸ਼ ਕੀਤਾ।

ਡਾ ਸੁਖਪਾਲ ਸਿੰਘ ਥਿੰਦ ਅਤੇ ਪ੍ਰੋ ਨਿਰਦੋਸ਼ ਕੌਰ ਨੇ ਬਹੁਤ ਸੋਹਣੇ ਢੰਗ ਨਾਲ ਕਾਨਫਰੰਸ ਦੀ ਸਮਾਪਤੀ ਦਾ ਫਰਜ਼ ਨਿਭਾਹਿਆ ਤੇ ਡਾ ਸਰਦਾਰਾ ਸਿੰਘ ਜੌਹਲ ਨੇ ਸ਼ਿਰਕਤ ਕਰਨ ਲਈ ਆਇਆਂ ਹੋਇਆਂ ਸਾਰਿਆਂ ਲੋਕਾਂ ਨੂੰ ਕਾਨਫਰੰਸ ਦੀ ਯਾਦਗਾਰੀ ਨਿਸ਼ਾਨੀ ਭੇਂਟ ਕੀਤੀ ਤੇ ਸਾਰਿਆਂ ਦੀ ਗਰੁੱਪ ਫੋਟੋ ਵੀ ਲਈ ਗਈ।

ਜਲੰਧਰ ਕੇ ਦੇਸ਼-ਭਗਤ ਯਾਦਗਾਰ ਹਾਲ ਵਿਚ 15-18 ਫ਼ਰਵਰੀ ਦੀ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪਾਸ ਕੀਤੇ ਗਏ ਮਤੇਃ-

1. ਵਿਸ਼ਵ ਪੰਜਾਬੀ ਕਾਨਫਰੰਸ ਸਖ਼ਤ ਸ਼ਬਦਾਂ ਹਿੰਦੁਸਤਾਨ ਤੇ ਪਾਕਿਸਤਾਨ ਦੀਆਂ ਹਕੂਮਤਾਂ ਦੀ ਵੀਜ਼ਾ ਪਾਲਸੀ ਦੀ ਨਿਖੇਧੀ ਕਰਦੀ ਹੈ। ਇਨ੍ਹਾਂ ਦੀ ਗਲਤ ਵੀਜ਼ਾ ਪਾਲਸੀ ਕਰਕੇ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਏਧਰ ਓਧਰ ਆਉਣ ਜਾਣ ਵਿਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਰਕੇ ਮੰਗ ਕੀਤੀ ਜਾਂਦੀ ਹੈ ਕਿ ਵੀਜ਼ਾ ਦੇਣ ਦੇ ਕਾਇਦੇ ਕਾਨੂੰਨ ਨਰਮ ਕੀਤੇ ਜਾਣ ਤੇ ਥੋੜੇ ਚਿਰ ਦੇ ਵੀਜ਼ੇ ਬਾਰਡਰ ਤੇ ਹੀ ਦੇ ਦਿੱਤੇ ਜਾਇਆ ਕਰਨ। ਵੀਜ਼ੇ ਵਾਲਿਆਂ ਨੂੰ ਸਾਰੇ ਮੁਲਕ ਵਿਚ ਘੁੰਮ ਫਿਰ ਸਕਣ ਦੀ ਖੁਲ੍ਹ ਹੋਵੇ ਤੇ ਪੁਲੀਸ ਕੋਲ ਰਪਟ ਕਰਨ ਦੀ ਸ਼ਰਤ ਖ਼ਤਮ ਕੀਤੀ ਜਾਵੇ ਤਾਂ ਕਿ ਦੋਵਾਂ ਮੁਲਕਾਂ ਦੇ ਲੋਕਾਂ ਵਿਚ ਆਪਸੀ ਤਾਲ-ਮੇਲ ਤੇ ਦੋਸਤਾਨਾ ਸਬੰਧ ਮਜ਼ਬੂਤ ਬਣਾਉਣ ਵਿਚ ਹੋਰ ਸਹੂਲਤ ਹੋ ਸਕੇ।

2. ਪੰਜਾਬ ਬਾਰੇ ਵਿਸ਼ਵ ਪੰਜਾਬੀ ਕਾਨਫਰੰਸ (ਤੀਜੀ) ਦੀ ਮੰਗ ਹੈ ਕਿ ਪੰਜਾਬ ਦੀਆਂ ਸਰਕਾਰਾਂ (ਦੋਵੇਂ ਪਾਸੇ) ਮੁੱਢਲੀ ਤਾਲੀਮ ਪੰਜਾਬੀ ਜ਼ਬਾਨ ਵਿਚ ਮੁਹੱਈਆ ਕਰਨ ਤੇ ਪੰਜਵੀਂ ਜਮਾਤ ਤੋਂ ਲੈ ਕੇ ਪੜ੍ਹਾਈ ਦਾ ਮਾਧਿਅਮ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਹੋਣ ਅਤੇ ਇਹ ਪਾਲਸੀ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਲਾਗੂ ਕੀਤੀ ਜਾਵੇ।

3. ਪੰਜਾਬ ਬਾਰੇ ਵਿਸ਼ਵ ਪੰਜਾਬੀ ਕਾਨਫਰੰਸ (ਤੀਜੀ) ਦੀ ਮੰਗ ਹੈ ਕਿ ਪੰਜਾਬ ਦੇ ਸਾਰੇ ਸਕੂਲਾਂ ਦੇ ਸਿਲੇਬਸ ਵਿਚ ਪੰਜਾਬੀ, ਪੰਜਾਬੀ ਸਭਿਆਚਾਰ ਤੇ ਪੰਜਾਬੀ ਦਰਸ਼ਨ ਦੀ ਪੜ੍ਹਾਈ ਲਾਜ਼ਮੀ ਸ਼ਾਮਲ ਕੀਤੀ ਜਾਵੇ।

4. ਸੰਨ 1941 ਵਿਚ ਪੰਜਾਬੀ ਤੇ ਇਹਦੀਆਂ ਉਪ ਬੋਲੀਆਂ ਜੰਮੂ ਤੇ ਕਸ਼ਮੀਰ ਸੂਬੇ ਦੇ 56 ਫੀ ਸਦੀ ਲੋਕਾਂ ਦੀਆਂ ਮਾਦਰੀ ਜ਼ਬਾਨਾਂ ਸਨ। ਜੰਮੂ-ਕਸ਼ਮੀਰ ਦੇ ਸੰਵਿਧਾਨ ਵਿਚ ਵੀ ਪੰਜਾਬੀ ਜ਼ਬਾਨ ਨੂੰ ਇਕ ਸਥਾਨਕ ਤੇ ਮੁੱਢਲੀ ਬੋਲੀ ਦਾ ਦਰਜਾ ਦਿੱਤਾ ਗਿਆ ਹੈ। ਬਦਕਿਸਮਤੀ ਨਾਲ ਜੰਮੂ ਤੇ ਕਸ਼ਮੀਰ ਦੀ ਵੰਡ ਕਰਕੇ ਤੇ ਬੋਲੀਆਂ ਦਾ ਸਿਆਸੀਕਰਨ ਕਰ ਦਿੱਤਾ ਜਾਣ ਕਰਕੇ ਪੰਜਾਬੀ ਨੂੰ ਇਹਦੀ ਸੰਵਿਧਾਨ ਵਿਚ ਦਿੱਤੀ ਗਈ ਵੀਜਵ ਥਾਂ ਹਾਲੇ ਮਿਲ ਨਹੀਂ ਸਕੀ। ਜੰਮੂ ਕਸ਼ਮੀਰ ਦੀ ਪ੍ਰਾਂਤਕ ਸਰਕਾਰ ਨੇ ਬੇਸ਼ੱਕ ਹਦਾਇਤ ਤਾਂ ਦੇ ਛੱਡੀ ਹੈ ਕਿ ਮੁਢਲੀ ਵਿਦਿਆ ਦਾ ਮਾਧਿਅਮ ਮਾਂ ਬੋਲੀ ਹੋਣਾ ਚਾਹੀਦਾ ਹੈ ਲੇਕਿਨ ਪੰਜਾਬੀ ਦੇ ਮੁਤੱਲਕ ਇਸ ਹਦਾਇਤ ਤੇ ਬਿਲਕੁਲ ਅਮਲ ਨਹੀਂ ਕੀਤਾ ਜਾ ਰਿਹਾ। ਪੰਜਾਬ ਬਾਰੇ ਵਿਸ਼ਵ ਪੰਜਾਬੀ ਕਾਨਫਰੰਸ (ਤੀਜੀ) ਦੀ ਮੰਗ ਹੈ ਕਿ ਜੰਮੂ ਤੇ ਕਸ਼ਮੀਰ ਦੀ ਸਰਕਾਰ ਇਹ ਪੱਖਪਾਤੀ ਰਵੱਈਆ ਛੱਡ ਕੇ ਫ਼ੌਰਨ ਹੀ ਆਪਣਾ ਫ਼ੈਸਲਾ ਲਾਗੂ ਕਰਦੀ ਹੋਈ ਪੰਜਾਬੀ ਜ਼ਬਾਨ ਨੂੰ ਇਹਦਾ ਵਾਜਬ ਸਥਾਨ ਦੇਵੇ ਤੇ ਪੰਜਾਬੀ ਬੋਲਦੇ ਇਲਾਕਿਆਂ ਵਿਚ ਮੁਢਲੀ ਵਿਦਿਆ ਦਾ ਮਾਧਿਅਮ ਪੰਜਾਬੀ ਜ਼ਬਾਨ ਨੂੰ ਬਣਾਏ।